

## ਬੇਟਿੰਗ (Baiting)

ਬੇਟਿੰਗ ਵਿੱਚ ਸ਼ਾਮਿਲ ਹੁੰਦਾ ਹੈ ਦੋਵੇਂ ਪਾਸੇ, ਅਗਲੇ ਅਤੇ ਪਿਛਲੇ ਬਗੀਚਿਆਂ ਵਿੱਚ, ਕਿਸੇ ਉਚਿਤ ਤਰੀਕੇ ਦੇ ਪੱਤਿਆਂ ਉੱਪਰ ਇੱਕ ਔਰਗੈਨਿਕ ਲੇਪ (bait) ਲਗਾਇਆ ਜਾਂਦਾ ਹੈ।

ਇਸ ਵਿੱਚ ਸ਼ਾਮਿਲ ਹੈ:

- ਬੇਟ ਨੂੰ ਬਤੌਰ 40 ਮਿਲੀਲੀਟਰ ਦੀ ਖੁਰਾਕ ਤੇ ਬਨਸਪਤੀ ਉੱਪਰ ਲਗਾਉਣਾ ਜਿਵੇਂ ਕਿ ਤਕਰੀਬਨ 150 ਥਾਵਾਂ ਪ੍ਰਤੀ ਹੈਕਟੇਅਰ (ਇਹ ਤਕਰੀਬਨ 12 ਬੇਟ ਦੀਆਂ ਥਾਵਾਂ (bait spots) ਪ੍ਰਤੀ ਘਰ ਦੇ ਬਰਾਬਰ ਹੈ)
- ਬਾਕਾਇਦਾ ਔਰਗੈਨਿਕ ਬੇਟ ਦਾ ਲੇਪ ਦੁਬਾਰਾ ਤੋਂ ਉਸ ਵਕਤ ਤਕ ਲਗਾਉਣਾ ਜਦੋਂ ਤੱਕ ਕਿ ਅਸੀਂ ਆਤਮ-ਵਿਸ਼ਵਾਸ ਦੇ ਨਾਲ ਕਹਿ ਸਕੀਏ ਕਿ ਬਾਲਗ ਫਲਾਂ ਦੀਆਂ ਮੱਖੀਆਂ ਉੱਪਰ ਕਾਬੂ ਪਾਇਆ ਜਾ ਚੁੱਕਾ ਹੈ
- ਜੇ ਤੁਹਾਡੀ ਸੰਪੱਤੀ ਕਿਸੇ ਮੱਖੀ ਪਾਏ ਜਾਣ ਵਾਲੇ ਸਥਾਨ ਦੇ 200 ਮੀਟਰ ਦੇ ਘੇਰੇ ਅੰਦਰ ਆਉਂਦੀ ਹੋਵੇ, ਤਾਂ ਬੇਟ ਹਫ਼ਤੇ ਵਿੱਚ ਦੋ ਵਾਰ ਲਗਾਈ ਜਾਵੇਗੀ; ਬਾਕੀ ਦੇ ਮਹਾਂਮਾਰੀ ਅਧੀਨ ਆਉਂਦੇ ਸਾਰੇ ਹਿੱਸਿਆਂ ਵਿੱਚ ਬੇਟ ਨੂੰ ਹਫ਼ਤੇ ‘ਚ ਇੱਕ ਵਾਰਈ ਲਗਾਈਆ ਜਾਵੇਗਾ।

ਬੇਟਿੰਗ ਵਿੱਚ ਆਮ ਤੌਰ ਤੇ ਛੇ ਤੋਂ ਅੱਠ ਹਫ਼ਤੇ ਲੱਗ ਜਾਂਦੇ ਹਨ, ਇਹ ਇਸ ਗਿਣਤੀ ਉੱਪਰ ਨਿਰਭਰ ਕਰਦਾ ਹੈ ਕਿ ਕਿੰਨੀ ਵਾਰ ਮੱਖੀ ਵੇਖੀ ਗਈ ਹੈ। ਇਸ ਵਕਤ ਤੋਂ ਬਾਅਦ, ਬੇਟ ਲਗਾਉਣ ਦਾ ਕੰਮ ਬੰਦ ਹੋ ਜਾਂਦਾ ਹੈ ਅਤੇ ਉਸ ਖੇਤਰ ਵਿੱਚ ਬਾਂਝ ਕੀਤੀਆਂ ਗਈਆਂ ਮੱਖੀਆਂ ਨੂੰ ਛੱਡਿਆ ਜਾ ਸਕਦਾ ਹੈ।

ਬੇਟ ਸਭ ਤੋਂ ਜ਼ਿਆਦਾ ਅਸਰਦਾਰ ਹੁੰਦੀ ਹੈ ਜਦੋਂ ਇਸ ਨੂੰ ਪ੍ਰਭਾਵਿਤ ਖੇਤਰ ਦੀਆਂ ਸੰਪੱਤੀਆਂ ਦੇ ਪਿਛਲੇ ਵਿਹੜਿਆਂ ਵਿੱਚ ਲਗਾਇਆ ਜਾਂਦਾ ਹੈ, ਕਿਉਂਕੀ ਇੱਥੇ ਹੀ ਜਿਆਦਾਤਰ ਪ੍ਰਭਾਵਿਤ ਹੋ ਸਕਣ ਵਾਲੇ ਫਲਾਂ ਦੇ ਦਰੱਖਤ (host fruit trees) ਪਾਏ ਜਾਂਦੇ ਹਨ। ਜੇ ਇਹ ਸੰਭਵ ਨਾ ਹੋ ਸਕੇ, ਤਾਂ ਬੇਟ ਨੂੰ ਤੁਹਾਡੀ ਸੰਪੱਤੀ ਵਿਖੇ ਕਿਸੇ ਹੋਰ ਉਚਿਤ ਪੱਤਿਆਂ ਦੇ ਉੱਪਰ ਲਗਾਇਆ ਜਾਵੇਗਾ।

ਖਾਤਮੇ ਲਈ ਚਲਾਏ ਜਾ ਰਹੇ ਪ੍ਰੋਗਰਾਮ ਅਧੀਨ, ਸੰਭਵ ਤੌਰ ਤੇ ਸਾਡੀ ਬੇਟ ਭਾਲਣ ਵਾਲੀ ਟੀਮ (bait spotting team) ਤੁਹਾਡੇ ਘਰ ਆ ਸਕਦੀ ਹੈ।

## ਸਾਫ਼ ਸੁਥਰਾ (Hygiene) (ਫਲਾਂ ਨੂੰ ਚੁੱਕਣਾ)

ਸਾਫ਼ ਸੁਥਰੇ (Hygiene) ਤੋਂ ਭਾਵ ਹੈ ਮਹਾਂਮਾਰੀ ਦੇ ਖੇਤਰ ਵਿੱਚ ਆਉਂਦੇ ਪਿਛਲੇ ਬਗੀਚਿਆਂ (backyards) ਵਿੱਚੋਂ ਡਿੱਗੇ ਹੋਏ ਫਲਾਂ ਨੂੰ ਚੁੱਕਣਾ। ਪ੍ਰਭਾਵਿਤ ਸਥਲ ਜਿੱਥੇ ਕਿ ਫਲਾਂ ਦੀ ਮੱਖੀ ਦੇ ਆਂਡਿਆਂ ਵਿੱਚੋਂ ਕੀੜੇ ਬਣਦੇ ਹੋਏ ਜੀਵ (fruit fly maggots) ਵੇਖੇ ਗਏ ਸੀ, ਉਨ੍ਹਾਂ ਪੇੜਾਂ ਉੱਤੇ ਲੱਗਾ ਸਾਰਾ ਫਲ ਚੁੱਕਿਆ ਜਾਵੇਗਾ। ਇੱਕ ਵਾਰ ਮਹਾਂਮਾਰੀ ਘੋਸ਼ਿਤ ਹੋ ਜਾਂਦੀ ਹੈ, ਤਾਂ ਕਰਮਚਾਰੀ ਛੇਤੀ ਤੋਂ ਛੇਤੀ ਕੁਆਰੰਟੀਨ ਖੇਤਰ ਅਧੀਨ ਆਉਂਦੀਆਂ ਸੰਪੱਤੀਆਂ ਦੀ ਜਾਂਚ ਕਰਣਗੇ। ਜੇ ਤੁਹਾਡੇ ਪਿਛਲੇ ਬਗੀਚਿਆਂ ਵਿੱਚ ਫਲਾਂ ਦੇ ਦਰੱਖਤ ਲੱਗੇ ਹੋਏ ਹਨ, ਤਾਂ ਖਾਤਮੇ ਲਈ ਚਲਾਏ ਜਾ ਰਹੇ ਪ੍ਰੋਗਰਾਮ ਦੇ ਦੌਰਾਨ ਸਾਡੀ ਸਾਫ-ਸਫ਼ਾਈ (Hygiene) ਦੀ ਟੀਮ ਤੁਹਾਡੀ ਸੰਪੱਤੀ ਉੱਪਰ ਹਫ਼ਤੇ 'ਚ ਇੱਕ ਵਾਰ ਆਇਆ ਕਰੇਗੀ।

## ਫਲਾਂ ਦੀ ਮੱਖੀ ਤੋਂ ਮੁਕਤ ਹੋਣ ਦਾ ਮਹੱਤਵ

ਸਾਊਥ ਔਸਟ੍ਰੇਲਿਆ ਔਸਟ੍ਰੇਲਿਯਨ ਭੂਮੀ (mainland) ਦਾ ਇੱਕਮਾਤਰ ਪ੍ਰਦੇਸ਼ ਹੈ ਜੋ ਕਿ ਫਲਾਂ ਦੀ ਮੱਖੀ ਤੋਂ ਮੁਕਤ ਹੈ। ਇਹ ਹੋਣਾ ਸਾਡੇ ਪ੍ਰਦੇਸ਼ ਨੂੰ ਬਹੁਤ ਵੱਡੇ ਫਾਇਦੇ ਪ੍ਰਦਾਨ ਕਰਦਾ ਹੈ ਜਿਨ੍ਹਾਂ ਫਾਇਦਿਆਂ ਵਿੱਚ ਸ਼ਾਮਿਲ ਹਨ:

- ਫਲਾਂ, ਸਬਜ਼ੀਆਂ, ਵਾਈਨ ਅੰਗੂਰ ਅਤੇ ਬਾਦਾਮਾਂ ਦੇ ਵਪਾਰਕ ਉਤਪਾਦਨ ਦੀ ਸੁਰੱਖਿਆ, ਖਾਸ ਤੌਰ ਤੇ ਰਿਵੇਰਲੈਂਡ ਅਤੇ ਮਰੀਲੈਂਡਸ ਵਿੱਚ; ਉਹ ਫਸਲ ਜਿਸ ਨੂੰ ਫਲਾਂ ਦੀ ਮੱਖੀ ਤੋਂ ਪ੍ਰਭਾਵਿਤ ਹੋਣ ਦਾ ਖਤਰਾ ਹੈ, ਉਸ ਦਾ ਅਨੁਮਾਨਿਤ ਫ਼ਾਰਮ-ਗੇਟ ਮੁੱਲ (farm-gate value) ਤਕਰੀਬਨ $1.3 ਅਰਬ ($1.3 billion) ਡਾਲਰ ਹੈ।
- ਜਪਾਨ, ਅਮਰੀਕਾ ਅਤੇ ਨਿਉ ਜ਼ੀਲੈਂਡ ਸਮੇਤ ਬਹੁਤ ਲਾਭਕਾਰੀ ਨਿਰੀਆਤ ਬਾਜ਼ਾਰ ਤੱਕ ਪਹੁੰਚ ਨੂੰ ਯਕੀਨੀ ਬਨਾਉਣਾ, ਇਨ੍ਹਾਂ ਦਾ ਮੁੱਲ 2018-19 ਵਿੱਚ ਤਕਰੀਬਨ 7 ਕਰੋੜ 20 ਲੱਖ ਡਾਲਰ ($72m) ਸੀ।
- ਲੋਕੀ ਘਰਾਂ ਵਿੱਚ ਘੱਟ ਮਾਤਰਾ ਦੇ ਕੀਟਨਾਸ਼ਕਾਂ (pesticides) ਦਾ ਇਸਤਮਾਲ ਕਰਦੇ ਹੋਏ ਫਲ ਅਤੇ ਸਬਜ਼ੀਆਂ ਉਗਾ ਸਕਣ।

ਫਲਾਂ ਦੀ ਮੱਖੀ ਤੋਂ ਮੁਕਤ ਹੋਣ ਦਾ ਮਤਲਬ ਤੁਸੀਂ ਆਪਣੇ ਫਲ ਅਤੇ ਸਬਜ਼ੀਆਂ ਉਗਾ ਸਕਦੇ ਹੋ, ਇਸ ਯਕੀਨ ਦੇ ਨਾਲ ਕਿ ਉਹ ਕੀੜਿਆਂ (maggots) ਤੋਂ ਮੁਕਤ ਹਨ।

## ਬਾਂਝ ਕਰ ਦਿੱਤੀਆਂ ਗਈਆਂ ਫਲਾਂ ਦੀਆਂ ਮੱਖੀਆਂ ਦਾ ਛੱਡਿਆ ਜਾਣਾ

ਕਈ ਵਾਰ ਬੇਟਿੰਗ ਅਤੇ ਸਫ਼ਾਈ ਦਾ ਕੰਮ ਪੂਰਾ ਹੋ ਜਾਣ ਤੋਂ ਬਾਅਦ, ਬਾਂਝ ਕਰ ਦਿੱਤੀਆਂ ਗਈਆਂ ਫਲਾਂ ਦੀਆਂ ਮੱਖੀਆਂ ਨੂੰ ਛੱਡੇ ਜਾਣ (fruit fly release) ਦਾ ਇਸਤਮਾਲ ਕੀਤਾ ਜਾਂਦਾ ਹੈ।

ਇਹ ਅਸਰਦਾਰ ਹੋਵੇ ਇਸ ਦੇ ਲਈ ਇਹ ਜ਼ਰੂਰੀ ਹੈ ਕਿ ਬੇਟਿੰਗ ਨੇ ਮਹਾਂਮਾਰੀ ਵਾਲੇ ਖੇਤਰ ਵਿੱਚ ਮੌਜੂਦ ਜੰਗਲੀ ਮੱਖੀਆਂ ਦੀ ਗਿਣਤੀ ਨੂੰ ਘਟਾਇਆ ਹੋਵੇ।

ਬਾਂਝ ਕਰ ਦਿੱਤੀਆਂ ਗਈਆਂ ਮੱਖੀਆਂ ਨੂੰ ਆਮ ਤੌਰ ਤੇ ਕਿਸੇ ਵਾਹਨ ਦੇ ਪਿੱਛੇ ਲਗਾਏ ਗਏ ਇੱਕ ਜੰਤਰ ਰਾਹੀਂ ਛੱਡਿਆ ਜਾਂਦਾ ਹੈ, ਇਹ ਵਾਹਨ ਮਹਾਂਮਾਰੀ ਵਾਲੇ ਖੇਤਰ ਅੰਦਰੋਂ ਹੌਲੀ ਹੌਲੀ ਲੰਘਾਇਆ ਜਾਂਦਾ ਹੈ।

ਖਾਤਮੇ ਲਈ ਚਲਾਏ ਜਾ ਰਹੇ ਪ੍ਰੋਗਰਾਮ ਦਾ ਇਹ ਹਿੱਸਾ 12 ਹਫਤਿਆਂ ਤੱਕ ਦਾ ਸਮਾਂ ਲੈ ਸਕਦਾ ਹੈ ਅਤੇ ਪਿਛਾਂ ਦੇ ਵਿਹੜਿਆਂ ਵਿੱਚ ਜਾਣ ਦੀ ਲੋੜ ਨਹੀਂ ਹੁੰਦੀ।

ਬੇਟ ਭਾਲਣਾ (bait spotting) ਅਤੇ ਬਾਂਝ ਕਰ ਦਿੱਤੇ ਗਏ ਕੀਟਾਂ ਵਾਲੀਆਂ ਤਕਨੀਕਾਂ (sterile insect technology) ਦਾ ਸੁਮੇਲ ਮੌਜੂਦਾ ਵਕਤ ਵਿੱਚ ਫਲਾਂ ਦੀਆਂ ਮੱਖੀਆਂ ਦਾ ਖਾਤਮਾ ਕਰਨ ਲਈ ਦੁਨੀਆ ਦਾ ਸਭ ਤੋਂ ਵਧੀਆ ਤਰੀਕਾ ਹੈ।

## ਫਸਾਉਣਾ (Trapping)

ਤੁਹਾਡੇ ਬਗੀਚੇ ਦੇ ਅੰਦਰ ਜਾਂ ਉਨ੍ਹਾਂ ਦੇ ਨੇੜੇ, ਨਿਗਰਾਨੀ ਦੇ ਜਾਲ (surveillance traps) ਲਗਾਏ ਜਾ ਸਕਦੇ ਹਨ।

ਇਸ ਜਾਲ ਦੇ ਅੰਦਰ ਖਿੱਚ ਪਾਉਣ ਵਾਲੀ ਇੱਕ ਔਰਗੈਨਿਕ ਵਸਤੂ (organic lure) ਹੁੰਦੀ ਹੈ - ਜੋ ਕਿ ਇੰਸਾਨਾਂ ਅਤੇ ਪਾਲਤੂ ਜਾਨਵਰਾਂ ਲਈ ਸੁਰੱਖਿਅਤ ਹੈ - ਅਤੇ ਜੋ ਕਿ ਫਲਾਂ ਦੀਆਂ ਮੱਖੀਆਂ ਨੂੰ ਆਪਣੇ ਵੱਲ ਖਿੱਚ ਪਾਉਂਦੀ ਹੈ ਅਤੇ ਫਿਰ ਮਾਰ ਦਿੰਦੀ ਹੈ।

ਸਾਡੇ ਕਰਮਚਾਰੀਆਂ ਨੂੰ ਤੁਹਾਡੇ ਵਿਹੜੇ ਅੰਦਰ ਆਣਾ ਹੋਵੇਗਾ ਤਾਂ ਜੋ ਉਹ ਇਸ ਜਾਲ ਨੂੰ ਕਿਸੇ ਦਰੱਖਤ ਉੱਪਰ ਟੰਗ ਸਕਣ ਅਤੇ ਕਦੀ-ਕਦਾਈਂ ਆ ਕੇ ਨਵਾਂ ਜਾਲ ਲਗਾ ਸਕਣ।

## ਸਾਨੂੰ ਸੰਪਰਕ ਕਰੋ

ਵਧੇਰੀ ਜਾਣਕਾਰੀ ਦੇ ਲਈ ਫਰੂਟ ਫਲਾਈ ਹੌਟਲਾਈਨ ਨੂੰ ਸੰਪਰਕ ਕਰੋ:
**1300 666 010** ਉੱਪਰ ਜਾਂ **pir.sa.gov.au/fruitfly** ਤੇ ਜਾ ਕੇ

*ਇਸ ਕਿਤਾਬਚੇ ਉੱਪਰ ਦਿੱਤੀ ਜਾਣਕਾਰੀ ਬੇਨਤੀ ਕਰਨ ਤੇ ਉਨ੍ਹਾਂ ਲੋਕਾਂ ਨੂੰ ਕਿਸੇ ਹੋਰ ਰੂਪ (format) ਜਾਂ ਕਿਸੇ ਹੋਰ ਭਾਸ਼ਾ ਵਿੱਚ ਵੀ ਦਿੱਤੀ ਜਾ ਸਕਦੀ ਹੈ, ਜਿਨ੍ਹਾਂ ਨੂੰ ਇਸ ਦੀ ਲੋੜ ਹੈ। ਵਧੇਰੀ ਜਾਣਕਾਰੀ ਦੇ ਲਈ PIRSA ਨੂੰ ਸੰਪਰਕ ਕਰੋ।*

Punjabi / ਪੰਜਾਬੀ

PIRSA

# ਫਲਾਂ ਦੀ ਮੱਖੀ ਦਾ ਪ੍ਰਕੋਪ

**ਤੁਹਾਡੇ ਖੇਤਰ ਅੰਦਰ ਕੁਆਰੰਟੀਨ ਵਿਵਸਥਾ ਲਾਗੂ ਕੀਤੀ ਗਈ ਹੈ, ਇਨ੍ਹਾਂ ਦੇ ਅਧੀਨ, ਘਰ ਵਿੱਚ ਉਗਾਈਆਂ ਗਈਆਂ ਸਬਜ਼ੀਆਂ ਅਤੇ ਫਲਾਂ ਨੂੰ ਇੱਕ ਥਾਂ ਤੋਂ ਦੂਜੀ ਥਾਂ ਲਿਜਾਉਣ ਉੱਤੇ ਲੱਗੀ ਗਈ ਪਾਬੰਦੀ ਸ਼ਾਮਲ ਹੈ।**



SOUTH AUSTRALIA

Government of South Australia

Primary Industries and Regions SA





# ਪਿਆਰੇ ਮਕਾਨਵਾਸੀ

**ਤੁਹਾਡੀ ਸੰਪੱਤੀ ਫਲਾਂ ਦੀ ਮੱਖੀ ਦੇ ਪ੍ਰਕੋਪ ਹੇਠ ਆਉਂਦੇ ਖੇਤਰ ਵਿੱਚ ਸਥਿਤ ਹੈ।**

ਜਦੋਂ ਕੋਈ ਫਲਾਂ ਦੀ ਮੱਖੀ ਦੀ ਮਹਾਂਮਾਰੀ ਘੋਸ਼ਿਤ ਕੀਤੀ ਜਾਂਦੀ ਹੈ, ਤਾਂ 'ਮੁੱਢਲੇ ਉਦਯੋਗ ਅਤੇ ਖੇਤਰ SA' (Primary Industries and Regions SA (PIRSA)) ਇਸ ਦੇ ਖ਼ਾਤਮੇ ਦੇ ਲਈ ਇੱਕ ਪ੍ਰੋਗਰਾਮ ਦੀ ਸ਼ੁਰੂਆਤ ਕਰਦੇ ਹਨ।

ਇਹ ਜਾਣਕਾਰੀ ਦਾ ਮੰਤਵ ਹੈ ਕਿ ਤੁਹਾਨੂੰ ਫਲਾਂ ਦੀ ਮੱਖੀ ਅਤੇ ਅਤੇ ਇਸਦੇ ਖਾਤਮੇ ਲਈ ਚਲਾਏ ਜਾ ਰਹੇ ਪ੍ਰੋਗਰਾਮ ਬਾਰੇ ਜਾਗਰੂਕ ਰੱਖਿਆ ਜਾਵੇ।

## ਫਲਾਂ ਦੀ ਮੱਖੀ (fruit fly) ਕੀ ਹੈ?

ਫਲਾਂ ਦੀ ਮੱਖੀ ਪੌਧਿਆਂ ਦੇ ਸਭ ਤੋਂ ਜ਼ਿਆਦਾ ਵਿਨਾਸ਼ਕਾਰੀ ਕੀਟਾਂ ਵਿੱਚੋਂ ਇੱਕ ਹੈ ਜੋ ਕਿ ਵਪਾਰਾਂ ਵਿੱਚ ਇਸਤਮਾਲ ਕੀਤੇ ਜਾ ਰਹੇ ਅਤੇ ਘਰਾਂ ਦੇ ਬਗੀਚਿਆਂ 'ਚ ਲਗਾਏ ਗਏ ਫਲਾਂ ਅਤੇ ਸਬਜ਼ੀਆਂ ਦਾ ਸਰਵਨਾਸ਼ ਕਰ ਸਕਦੀ ਹੈ। ਇੱਕ ਮਾਦਾ ਫਲਾਂ ਦੀ ਮੱਖੀ ਫਲਾਂ ਅਤੇ ਸਬਜ਼ੀਆਂ ਅੰਦਰ ਆਪਣੇ ਆਂਡੇ ਛੱਡ ਸਕਦੀ ਹੈ, ਇਨ੍ਹਾਂ ਫਲਾਂ ਵਿੱਚ ਸ਼ਾਮਲ ਹਨ:

- **Stone fruits (ਸਟੋਨ ਫਲ)** (apricots, peaches, nectarines, plums ਅਤੇ cherries)
- **Citrus (ਫਲ)** (ਸੰਤਰੇ, ਨਿੰਬੂ, grapefruit ਅਤੇ cumquats)
- **Fruiting vegetables (ਫਲਾਂ ਵਾਲੀਆਂ ਸਬਜ਼ੀਆਂ)** (ਟਮਾਟਰ, ਸ਼ਿਮਲਾ-ਮਿਰਚ, ਮਿਰਚਾਂ, ਬੈਂਗਣ ਅਤੇ tamarillo)
- **Pome fruits (ਪੋਮ ਫਲ)** (ਸੇਬ, ਨਾਸ਼ਪਤੀ ਅਤੇ quinces)
- **Flowering plants (ਫੁੱਲ ਦੇਣ ਵਾਲੇ ਪੌਧੇ)** (loquats, figs ਅਤੇ feijoas)
- **Tropical fruits** (ਕੇਲੇ ਅਤੇ ਅੰਬ)।

## ਫਲਾਂ ਦੀ ਮੱਖੀ ਦੀ ਮਹਾਂਮਾਰੀ ਦੀ ਘੋਸ਼ਣਾ ਕੀਵੇਂ ਕੀਤੀ ਜਾਂਦੀ ਹੈ?

ਫਲਾਂ ਦੀ ਮੱਖੀ ਦੀ ਘੋਸ਼ਣਾ ਕੀਤੀ ਜਾਂਦੀ ਹੈ ਜਦੋਂ ਕਿ ਫਲਾਂ ਦੀ ਮੱਖੀ ਜਾਂ ਆਂਡਿਆ ਵਿੱਚੋਂ ਨਿਕਲਦਾ ਇਸਦਾ ਛੋਟਾ ਰੂਪ/ਕੀੜੇ (larvae) ਪਾਏ ਜਾਣ।

ਕੀੜਿਆਂ ਨਾਲ ਭਰੇ ਹੋਏ ਫਲਾਂ ਦੇ ਦੁਆਰਾ ਜਾਂ ਸਾਡੇ ਨਿਗਰਾਨੀ ਵਜੋਂ ਲਗਾਏ ਗਏ ਜਾਲਾਂ ਵਿੱਚ ਮੱਖੀਆਂ ਦਿੱਸਣ ਰਾਹੀਂ ਇਨ੍ਹਾਂ ਦੇ ਹੋਣ ਬਾਰੇ ਪਤਾ ਲੱਗ ਸਕਦਾ ਹੈ।

ਇੱਕ ਵਾਰ ਜਦੋਂ ਮਹਾਂਮਾਰੀ ਘੋਸ਼ਿਤ ਕਰ ਦਿੱਤੀ ਜਾਂਦੀ ਹੈ, ਤਾਂ ਜਿੱਥੇ ਇਹ ਦੇਖੀ ਗਈ ਸੀ, ਉਸਦੇ ਆਲੇ-ਦੁਆਲੇ ਦੇ 1.5 ਕਿਲੋਮੀਟਰ ਦੇ ਖੇਤਰ ਨੂੰ ਕੁਆਰੰਟੀਨ ਖੇਤਰ ਸਥਾਪਿਤ ਕਰ ਦਿੱਤਾ ਜਾਂਦਾ ਹੈ ਅਤੇ ਇਸ ਨੂੰ ਨਸ਼ਟ ਕਰਨ ਦੇ ਲਈ ਇੱਕ ਪ੍ਰੋਗਰਾਮ ਸ਼ੁਰੂ ਹੋ ਜਾਵੇਗਾ।

## ਤੁਹਾਨੂੰ ਕੀ ਕਰਨ ਦੀ ਲੋੜ ਹੈ

ਪੌਧਿਆਂ ਦੀ ਸਿਹਤ ਦਾ ਬਣਿਆ 2009 ਦਾ ਕੰਨੂਨ *(Plant Health Act 2009)* PIRSA ਦੇ ਕਰਮਚਾਰੀਆਂ ਨੂੰ ਇਹ ਜ਼ਰੂਰੀ ਕੰਮ ਕਰਨ ਦੇ ਲਈ ਲੋਕਾਂ ਦੇ ਘਰਾਂ ਵਿੱਚ ਦਾਖ਼ਿਲ ਹੋਣ ਦੀ ਇਜਾਜ਼ਤ ਦਿੰਦਾ ਹੈ, ਇਸ ਲਈ ਕਿਰਪਾ ਕਰ ਕੇ ਇਹ ਯਕੀਨੀ ਬਣਾ ਲਓ ਕਿ ਸਾਡੇ ਕਰਮਚਾਰੀ ਤੁਹਾਡੇ ਵਿਹੜਿਆਂ (yard) ਵਿੱਚ ਆ-ਜਾ ਸਕਣ। ਜੇ ਤੁਸੀਂ ਕੁੱਤੇ ਰੱਖੇ ਹੋਏ ਹਨ, ਤਾਂ ਉਨ੍ਹਾਂ ਨੂੰ ਉਸ ਵੇਲੇ ਬਨ੍ਹ ਕੇ ਰੱਖੋ ਜਦੋਂ ਸਾਡੇ ਕਰਮਚਾਰੀ ਉੱਥੇ ਮੌਜੂਦ ਹੋਣ।

**ਮਹਾਂਮਾਰੀ ਘੋਸ਼ਿਤ ਹੋਏ ਖੇਤਰ ਅੰਦਰ ਘਰਾਂ ਵਿੱਚ ਉਗਾਏ ਗਏ ਤਾਜੇ ਫਲਾਂ ਨੂੰ ਇੱਕ ਥਾਂ ਤੋਂ ਦੂਜੀ ਥਾਂ ਨਾ ਲੈ ਕੇ ਜਾਓ**

ਤੁਹਾਡੇ ਘਰ ਵਿੱਚ ਉਗਾਏ ਗਏ ਫਲ, ਫਲ-ਸਬਜ਼ੀਆਂ ਜਾਂ ਬਗੀਚਿਆਂ ਦੇ ਕੂੜੇ-ਕਰਕਟ ਨੂੰ ਆਪਣੀ ਸੰਪੱਤੀ ਤੋਂ ਬਾਹਰ ਨਾ ਕੱਢੋ। ਤੁਸੀਂ ਕੰਮ ਤੇ ਜਾਂ ਸਕੂਲ ਦੇ ਲਈ ਤਾਜ਼ਾ ਫਲਾਂ ਨੂੰ ਆਪਣੇ ਲੰਚ ਬਕਸਿਆਂ ਵਿੱਚ ਪਾ ਕੇ ਨਹੀਂ ਲੈ ਜਾ ਸਕਦੇ ਜੇ ਤੁਸੀਂ ਉਨ੍ਹਾਂ ਦਾ ਸੇਵਨ ਕੁਆਰੰਟੀਨ ਖੇਤਰ ਤੋਂ ਬਾਹਰ ਜਾ ਕੇ ਕਰਨਾ ਹੋਵੇ।

ਓਹ ਫਲ ਜਾਂ ਸਬਜ਼ੀਆਂ ਜਿਨ੍ਹਾਂ ਦੀ ਤੁਹਾਨੂੰ ਲੋੜ ਨਹੀਂ, ਉਨ੍ਹਾਂ ਨੂੰ ਹਮੇਸ਼ਾ ਦੀ ਤਰ੍ਹਾਂ ਤੁਸੀਂ ਆਪਣੇ ਬਗੀਚਿਆਂ ਵਾਲੇ ਹਰੇ ਕੂੜੇਦਾਨ ਵਿੱਚ ਪਾ ਸਕਦੇ ਹੋ। ਫਲਾਂ ਦੀ ਮੱਖੀ ਦੀ ਮਹਾਂਮਾਰੀ ਦੇ ਦੌਰਾਨ ਪੇੜ ਪੌਧਿਆਂ ਵਾਲੇ ਕੂੜੇ (green waste) ਦਾ ਨਿਪਟਾਰਾ ਕਰਨ ਦੇ ਲਈ ਅਸੀਂ ਤੁਹਾਡੀ ਸਥਾਨਕ ਕੌਂਸਿਲ ਨਾਲ ਮਿਲ ਕੇ ਇੱਕ ਪ੍ਰਣਾਲੀ ਉੱਪਰ ਕੰਮ ਕੀਤਾ ਹੈ।

- ✓ ਆਪਣੇ ਅਗਲੇ ਅਤੇ ਪਿਛਲੇ ਬਗੀਚਿਆਂ ਦੀ **ਅਸਾਨ ਪਹੁੰਚ ਬਣਾ ਕੇ ਰੱਖੋ** ਤਾਂ ਜੋ PIRSA ਦੇ ਕਰਮਚਾਰੀ ਆਪਣਾ ਕੰਮ ਛੇਤੀ ਤੋਂ ਛੇਤੀ ਪੂਰਾ ਕਰ ਸਕਣ।
- ✓ ਦੁਕਾਨਾਂ ਤੋਂ ਖਰੀਦੇ ਗਏ ਫਲਾਂ ਜਾਂ ਫਲ-ਸਬਜ਼ੀਆਂ ਸਮੇਤ, ਕਿਸੇ ਵੀ ਫਲ ਜਾਂ ਸਬਜ਼ੀ ਵਿੱਚ ਕਿਸੇ ਪ੍ਰਕਾਰ ਦੇ ਵੀ ਕੀੜੇ (maggots) ਨਜ਼ਰ ਆਉਣ ਤੇ ਇਸ ਦੇ ਬਾਰੇ ਜਾਣਕਾਰੀ ਦਿਓ। ਇਸ ਨੂੰ ਇੱਕ ਪਲਾਸਟਿਕ ਬੈਗ ਵਿੱਚ ਰੱਖ ਕੇ, ਸੀਲ ਕਰ ਕੇ, **ਫਰੂਟ ਫਲਾਈ ਹੌਟਲਾਈਨ ਨੂੰ (1300 666 010)** ਉੱਪਰ ਸੰਪਰਕ ਕਰ ਕੇ ਇਸ ਨੂੰ ਚੁਕਵਾਉਣ ਦਾ ਬੰਦੋਬਸਤ ਕਰੋ।
- ✓ ਥੱਲੇ ਡਿੱਗੇ ਹੋਏ ਜਾਂ ਲੋੜ ਨਾਲੋਂ ਵੱਧ ਪੱਕ ਚੁਕੇ ਫਲਾਂ ਅਤੇ ਫਲ-ਸਬਜ਼ੀਆਂ ਨੂੰ **ਚੁੱਕ ਲਵੋ** ਅਤੇ ਆਪਣੇ ਹਰੇ ਰੰਗ ਦੇ ਕੂੜੇਦਾਨ ਅੰਦਰ ਸੁੱਟ ਦਵੋ। ਇਨ੍ਹਾਂ ਨੂੰ ਖਾਦ (compost) ਵਿੱਚ ਨਾ ਪਾਓ।
- ✓ ਘਰ ਵਿੱਚ ਉੱਗੇ ਫਲ ਅਤੇ ਫਲ-ਸਬਜ਼ੀਆਂ ਦੀ ਵਾਧੂ ਮਾਤਰਾ ਨੂੰ ਜਾਂ ਤਾਂ **ਪਕਾ ਲਓ** ਜਾਂ ਸੁਰੱਖਿਅਤ ਕਿਤੇ ਸੰਭਾਲ (preserve) ਲਵੋ। ਇਨ੍ਹਾਂ ਇਕਾਈਆਂ (items) ਨੂੰ ਕੁਆਰੰਟੀਨ ਖੇਤਰ ਵਿੱਚੋਂ ਬਾਹਰ ਕੱਢਣ ਦੀ ਇਜਾਜ਼ਤ ਹੈ।
- ✗ ਘਰਾਂ ਵਿੱਚ ਉੱਗੇ ਫਲ ਅਤੇ ਫਲ ਸਬਜ਼ੀਆਂ ਨੂੰ ਭੁੰਜੇ ਜ਼ਮੀਨ ਉੱਤੇ **ਨਾ** ਡਿੱਗਿਆ ਰਹਿਣ ਦਿਓ।
- ✗ ਕੁਆਰੰਟੀਨ ਦੀ ਅਵਧੀ ਦੇ ਦੌਰਾਨ / ਦੁਕਾਨਾਂ ਤੋਂ ਖਰੀਦੇ ਗਏ ਫਲਾਂ ਜਾਂ ਫਲ-ਸਬਜ਼ੀਆਂ ਸਮੇਤ, ਕਿਸੇ ਵੀ ਫਲ ਜਾਂ ਸਬਜ਼ੀ ਦਾ ਇਸਤਮਾਲ ਖਾਦ ਬਣਾਉਣ (compost) ਦੇ ਲਈ **ਨਾ ਕਰੋ**।

## ਕੁਆਰੰਟੀਨ ਕਿੰਨੀ ਦੇਰ ਦੇ ਲਈ ਲੱਗਿਆ ਰਵ੍ਹੇਗਾ?

'ਰਾਸ਼ਟਰੀ ਫਲਾਂ ਦੀ ਮੱਖੀ ਦੇ ਪ੍ਰਬੰਧਨ ਪ੍ਰੋਟੋਕੋਲ'(National Fruit Fly Management Protocols) ਦੇ ਅਧੀਨ ਕੁਆਰੰਟੀਨ ਦੀ ਅਵਧੀ ਕੁਝ ਵੀ ਹੋ ਸਕਦੀ ਹੈ ਕਿਓਂਕੀ ਇਹ ਇਸ ਆਧਾਰ ਤੇ ਨਿਰਧਾਰਿਤ ਕੀਤੀ ਜਾਂਦੀ ਹੈ ਕਿ ਕਿਸੇ ਨਿਰਧਾਰਿਤ ਸਮੇਂ ਦੇ ਅੰਦਰ ਕਿੰਨੀਆਂ ਮੱਖੀਆਂ ਪਾਈਆਂ ਗਈਆਂ ਹਨ।

ਅਸੀਂ ਸਮਝਦੇ ਹਾਂ ਕਿ ਕੁਆਰੰਟੀਨ ਦੀਆਂ ਪਾਬੰਦੀਆਂ ਅਤੇ ਇਸਦੇ ਖ਼ਾਤਮੇ ਲਈ ਚਲਾਇਆ ਜਾ ਰਿਹਾ ਪ੍ਰੋਗਰਾਮ ਕੁਝ ਅਸੁਵਿਧਾ ਖੜੀ ਕਰੇਗਾ, ਪਰ ਸਾਊਥ ਔਸਟ੍ਰੇਲਿਆ ਨੂੰ ਫਲਾਂ ਦੀ ਮੱਖੀ ਤੋਂ ਮੁਕਤ ਰੱਖਣ ਵਿੱਚ ਤੁਹਾਡਾ ਸਹਿਯੋਗ ਸਾਡੀ ਬਹੁਤ ਮੱਦਦ ਕਰੇਗਾ।

ਖ਼ਾਤਮੇ ਲਈ ਚਲਾਏ ਜਾ ਰਹੇ ਪ੍ਰੋਗਰਾਮ (eradication program) ਦੇ ਖ਼ਤਮ ਹੋਣ ਤੇ ਤੁਹਾਨੂੰ ਇੱਕ ਕਿਤਾਬਚੇ (leaflet) ਰਾਹੀਂ ਸੂਚਿਤ ਕੀਤਾ ਜਾਵੇਗਾ। ਸਿਰਫ਼ ਇਸ ਤੋਂ ਬਾਅਦ ਹੀ, ਤੁਹਾਡੇ ਘਰ ਉਗਾਏ ਗਏ ਫਲ ਅਤੇ ਫਲ ਸਬਜ਼ੀਆਂ ਨੂੰ ਤੁਹਾਡੇ ਘਰ ਵਿੱਚੋਂ ਬਾਹਰ ਕੱਢਿਆ ਜਾ ਸਕਦਾ ਹੈ।

## ਖ਼ਾਤਮੇ ਲਈ ਚਲਾਏ ਜਾ ਰਹੇ ਪ੍ਰੋਗਰਾਮ ਦੇ ਦੌਰਾਨ ਕੀ ਹੁੰਦਾ ਹੈ?

PIRSA ਦੇ ਕਰਮਚਾਰੀ ਘਰਾਂ 'ਚ ਜਾ ਕੇ ਬੇਟਿੰਗ (baiting) ਅਤੇ ਸਫ਼ਾਈ ਸਬੰਧੀ ਕਾਰਵਾਈ (hygiene work) ਪੂਰੀ ਕਰਣਗੇ।

ਸਾਡੇ ਕਰਮਚਾਰੀ ਉੱਪਰੋਂ ਥੱਲੇ ਤੱਕ ਸੰਤਰੀ ਰੰਗ ਦੇ ਕੱਪੜੇ ਪਾਉਣਗੇ ਅਤੇ PIRSA ਦਾ ਸ਼ੀਨਾਖਤੀ ਕਾਰਡ ਆਪਣੇ ਨਾਲ ਰੱਖਣਗੇ।

ਸਫ਼ਾਈ ਅਤੇ ਬੇਟਿੰਗ ਦੋਹਾਂ ਦਾ ਕੰਮ ਤੁਹਾਡੇ ਖੇਤਰ ਵਿੱਚ ਪਹਿਲਾਂ ਤੋਂ ਹੀ ਸ਼ੁਰੂ ਹੋ ਚੁੱਕਾ ਹੋਵੇਗਾ।

ਇੱਕ ਵਾਰ ਬੇਟਿੰਗ ਪੂਰੀ ਹੋ ਜਾਣ ਤੇ, ਹੋ ਸਕਦਾ ਹੈ ਅਸੀਂ ਬਾਂਝ ਕਰ ਦਿੱਤੀਆਂ ਗਈਆਂ ਫਲਾਂ ਦੀਆਂ ਮੱਖੀਆਂ (sterile fruit flies) ਨੂੰ ਮਹਾਂਮਾਰੀ ਵਾਲੇ ਖੇਤਰ ਵਿੱਚ ਖੁੱਲਾ ਛੱਡ ਦਈਏ। ਇਹ ਬਾਕੀ ਬਚੀਆਂ ਜੰਗਲੀ ਮੱਖੀਆਂ ਵੱਲੋਂ ਅੱਗੇ ਹੋਰ ਮੱਖੀਆਂ ਦੀ ਪੈਦਾਵਾਰ ਹੋਣ ਉੱਪਰ ਰੋਕ ਲਗਾਵੇਗਾ।